# ਅੰਡਰ ਟ੍ਰਾਯਲ ਸਮੀਖਿਆ ਕਮੇਟੀ ਅਤੇ ਤੁਸੀਂ

## ਅੰਡਰ ਟ੍ਰਾਯਲ ਕਮੇਟੀਆਂ ਕੀ ਹਨ?

ਅੰਡਰ ਟ੍ਰਾਯਲ ਸਮੀਖਿਆ ਕਮੇਟੀ (ਯੂ.ਟੀ. ਆਰ.ਸੀ) ਇੱਕ ਜ਼ਿਲ੍ਹਾ ਪੱਧਰੀ ਸੰਸਥਾ ਹੈ ਜੋ ਅਪ੍ਰੈਲ 2015 ਵਿੱਚ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਹੇਠ ਬਣਾਈ ਗਈ ਸੀ। ਕੈਦੀਆਂ ਦੇ ਮਾਮਲਿਆਂ ਦੀ ਤਿੰਨ ਮਹੀਨਿਆਂ ਵਿਚ ਘੱਟੋ ਘੱਟ ਇਕ ਵਾਰ ਸਮੀਖਿਆ ਕਰਨੀ ਲਾਜ਼ਮੀ ਹੈ। ਯੋਗ ਕੇਸਾਂ ਦੀ ਸਮੀਖਿਆ ਕਰਨ ਤੋਂ ਬਾਅਦ, ਇਹ ਸਬੰਧਤ ਅਦਾਲਤ ਨੂੰ ਹਰੇਕ ਕੇਸ ਵਿੱਚ ਢੁਕਵੀਂਆਂ ਸਿਫਾਰਸ਼ਾਂ ਕਰਦੀ ਹੈ ਜਿਸ ਵਿੱਚ ਵਿੱਚ ਕੈਦੀਆਂ ਦੀ ਰਿਹਾਈ ਸ਼ਾਮਲ ਹੈ।

## ਇਸ ਕਮੇਟੀ ਦੇ ਮੈਂਬਰ ਕੋਣ ਹੁੰਦੇ ਹਨ?

ਇਹ ਇਕ ਪੰਜ-ਮੈਂਬਰੀ ਕਮੇਟੀ ਹੈ ਜਿਸ ਦੀ ਅਗਵਾਈ ਜ਼ਿਲੇ ਦੇ ਸਭ ਤੋਂ ਸੀਨੀਅਰ ਨਿਆਂਇਕ ਅਧਿਕਾਰੀ ਕਰਦੇ ਹਨ। ਇਸ ਦੇ ਹੇਠਾਂ ਦਿੱਤੇ ਮੈਂਬਰ ਹੁੰਦੇ ਹਨ:

- ਜ਼ਿਲ੍ਹਾ ਅਤੇ ਸੈਸ਼ਨ ਜੱਜ – ਚੇਅਰਪਰਸਨ
- ਜ਼ਿਲ੍ਹਾ ਮੈਜਿਸਟ੍ਰੇਟ – ਮੈਂਬਰ
- ਸੈਕ੍ਰੇਟਰੀ, ਡੀ.ਐਲ.ਐਸ.ਏ – ਮੈਂਬਰ
- ਜ਼ਿਲ੍ਹੇ ਦੀਆਂ ਸਾਰੀਆਂ ਜੇਲ੍ਹਾਂ ਦੇ ਇੰਚਾਰਜ ਅਧਿਕਾਰੀ – ਮੈਂਬਰ
- ਸੁਪਰਡੈਂਟ ਪੁਲਿਸ – ਮੈਂਬਰ

## ਕਮੇਟੀ ਕਿਵੇਂ ਕੰਮ ਕਰਦੀ ਹੈ?

1 **ਤਿਆਰੀ:** ਜੇਲ ਸੁਪਰਡੈਂਟ ਸਾਰੇ ਕੈਦੀਆਂ ਦੀ ਸੂਚੀ ਸੈਕ੍ਰੇਟਰੀ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਭੇਜਦਾ ਹੈ ਜੋ ਫਿਰ ਸੱਜੇ ਪਾਸੇ ਦੇ ਖਾਨੇ ਵਿਚ ਦਿੱਤੇ ਮਾਪਦੰਡਾਂ ਅਨੁਸਾਰ ਯੋਗ ਕੈਦੀਆਂ ਦੀ ਸੂਚੀ ਤਿਆਰ ਕਰਦਾ ਹੈ।

2 **ਮੀਟਿੰਗ:** ਜ਼ਿਲ੍ਹਾ ਅਤੇ ਸੈਸ਼ਨ ਜੱਜ ਕਮੇਟੀ ਦੀ ਬੈਠਕ ਦੀ ਪ੍ਰਧਾਨਗੀ ਕਰਦਾ ਹੈ ਜਿਥੇ ਕਮੇਟੀ ਦੇ ਮੈਂਬਰ ਸ਼ਾਰਟ ਲਿਸਟ ਕੀਤੇ ਮਾਮਲਿਆਂ ਦੀ ਸਮੀਖਿਆ ਕਰਦੇ ਹਨ ਅਤੇ ਢੁਕਵੀਂਆਂ ਸਿਫਾਰਸ਼ਾਂ ਕਰਦੇ ਹਨ।

3 **ਸਿਫਾਰਸ਼ਾਂ ਅਤੇ ਕਾਰਜ:** ਕਮੇਟੀ ਦੀਆਂ ਸਿਫਾਰਸ਼ਾਂ ਦਾ ਦਸਤਾਵੇਜ ਬਣਾਇਆ ਜਾਂਦਾ ਹੈ ਅਤੇ ਸਾਰੇ ਮੈਂਬਰਾਂ ਨੂੰ ਵੰਡੀਆਂ ਜਾਂਦਾ ਹੈ, ਅਤੇ ਸਿਫਾਰਸ਼ਾਂ ਸਬੰਧਤ ਅਦਾਲਤਾਂ ਨੂੰ ਵਿਚਾਰਨ ਲਈ ਭੇਜੀਆਂ ਜਾਂਦੀਆਂ ਹਨ।

4 **ਫ਼ੋਲੋ-ਅਪ:** ਕਮੇਟੀ ਅਗਲੀਆਂ ਮੀਟਿੰਗਾਂ ਵਿਚ ਇਸ ਦੀਆਂ ਸਿਫਾਰਸ਼ਾਂ ਤੇ ਕੀਤੀ ਗਈ ਕਾਰਵਾਈ ਦੀ ਸਮੀਖਿਆ ਕਰਦੀ ਹੈ ਅਤੇ ਹਰੇਕ ਕੇਸ ਦੀ ਸਥਿਤੀ ਨੂੰ ਦਰਜ ਕਰਦੀ ਹੈ।

## ਜੇਕਰ ਕਮੇਟੀ ਦੁਆਰਾ ਤੁਹਾਡੇ ਕੇਸ ਦੀ ਸਮੀਖਿਆ ਕੀਤੀ ਜਾਂਦੀ ਹੈ ਤਾਂ ਕੀ ਇਸ ਦਾ ਇਹ ਮਤਲਬ ਹੈ ਕਿ ਤੁਹਾਨੂੰ ਰਿਹਾ ਕੀਤਾ ਜਾਵੇਗਾ?

ਨਹੀਂ ਜੇ ਤੁਹਾਡੇ ਕੇਸ ਦੀ ਸਮੀਖਿਆ ਕਮੇਟੀ ਦੁਆਰਾ ਕੀਤੀ ਜਾਂਦੀ ਹੈ, ਜਾਂ ਜਿੱਥੇ ਕਮੇਟੀ ਦੁਆਰਾ ਕੋਈ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਹੁੰਦਾ ਕਿ ਤੁਹਾਨੂੰ ਰਿਹਾ ਕੀਤਾ ਜਾਵੇਗਾ। ਤੁਹਾਡੇ ਵਕੀਲ ਨੂੰ ਅਦਾਲਤ ਵਿੱਚ ਅਰਜ਼ੀ ਦਾਇਰ ਕਰਨ ਦੀ ਜ਼ਰੂਰਤ ਪੈ ਸਕਦੀ ਹੈ। ਰਿਹਾਈ ਦਾ ਆਖਰੀ ਫੈਸਲਾ ਸਬੰਧਤ ਅਦਾਲਤ ਦੁਆਰਾ ਕੀਤਾ ਜਾਂਦਾ ਹੈ, ਜਿਥੇ ਤੁਹਾਡਾ ਮੁਕੱਦਮਾ ਚੱਲ ਰਿਹਾ ਹੈ। ਤੁਸੀਂ ਆਪਣੇ ਕੇਸ ਸੰਬੰਧੀ ਸਿਫਾਰਸ਼ਾਂ ਅਤੇ ਸਥਿਤੀ ਬਾਰੇ ਕਿਸੇ ਜੇਲ ਅਧਿਕਾਰੀ ਜਾਂ ਆਪਣੇ ਵਕੀਲ ਤੋਂ ਪੁੱਛ ਸਕਦੇ ਹੋ।

## ਜੇਕਰ ਤੁਹਾਡੇ ਕੇਸ ਬਾਰੇ ਪਹਿਲਾਂ ਵਿਚਾਰ ਕੀਤਾ ਜਾ ਚੁੱਕਾ ਹੈ ਤਾਂ ਕੀ ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ?

ਹਾਂ, ਕਮੇਟੀ ਦੁਆਰਾ ਕੇਸਾਂ ਦੀ ਦੁਬਾਰਾ ਸਮੀਖਿਆ ਲਈ ਕੋਈ ਰੋਕ ਨਹੀਂ ਹੈ। ਜੇ ਕਮੇਟੀ ਨੇ ਤੁਹਾਡੇ ਕੇਸ ਵਿਚ ਕੋਈ ਸਿਫਾਰਸ਼ ਨਹੀਂ ਕੀਤੀ ਜਾਂ ਸਬੰਧਤ ਅਦਾਲਤ / ਅਥਾਰਟੀ ਨੇ ਸਿਫਾਰਸ਼ ਨੂੰ ਰੱਦ ਕਰ ਦਿੱਤਾ, ਤਾਂ ਕਮੇਟੀ ਦੁਆਰਾ ਤੁਹਾਡੇ ਕੇਸ ਦੀ ਦੁਬਾਰਾ ਸਮੀਖਿਆ ਕੀਤੀ ਜਾ ਸਕਦੀ ਹੈ।

## ਜੇਕਰ ਤੁਸੀਂ ਦੋਸ਼ੀ ਹੋ, ਕੀ ਤਾਂ ਵੀ ਯੂ.ਟੀ.ਆਰ.ਸੀ ਤੁਹਾਡੇ ਕੇਸ ਦੀ ਸਮੀਖਿਆ ਕਰੇਗਾ?

ਹਾਂ, ਯੂ.ਟੀ.ਆਰ.ਸੀ ਤੁਹਾਡੇ ਕੇਸ ਦੀ ਸਮੀਖਿਆ ਕਰ ਸਕਦੀ ਹੈ ਜੇ:

i) ਤੁਸੀਂ ਆਪਣੀ ਸਜ਼ਾ ਪੂਰੀ ਕਰ ਲਈ ਹੈ, ਜਾਂ

ii) ਮੁਆਫੀ ਦੇ ਕਾਰਨ ਤੁਸੀਂ ਰਿਹਾ ਕਰਨ ਦੇ ਹੱਕਦਾਰ ਹੋ

ਕਮੇਟੀ ਰਿਹਾਈ ਨਾ ਕੀਤੇ ਜਾਣ ਦੇ ਕਾਰਨਾਂ ਦਾ ਪਤਾ ਲਗਾ ਸਕਦੀ ਹੈ ਅਤੇ ਰਿਹਾਈ ਨੂੰ ਯਕੀਨੀ ਬਣਾਉਣ ਲਈ ਢੁਕਵੀਂ ਕਾਰਵਾਈ ਦੀ ਸਿਫਾਰਸ਼ ਕਰ ਸਕਦੀ ਹੈ।

## ਜੇਕਰ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਕੀ ਤੁਹਾਡਾ ਕੇਸ ਕਮੇਟੀ ਦੁਆਰਾ ਵਿਚਾਰਨ ਲਈ ਯੋਗ ਹੈ ਜਾਂ ਨਹੀਂ ਤਾਂ ਤੁਸੀਂ ਕਿਸ ਕੋਲ ਜਾ ਸਕਦੇ ਹੋ?

ਕਿਸੇ ਸ਼ੱਕ ਜਾਂ ਪ੍ਰਸ਼ਨਾਂ ਲਈ ਜੋ ਤੁਸੀਂ ਆਪਣੇ ਵਕੀਲ ਨਾਲ ਗੱਲ ਕਰ ਸਕਦੇ ਹੋ ਜਾਂ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਆਪਣੇ ਵਕੀਲ ਨਾਲ ਗੱਲ ਕਰਨ ਲਈ ਕਹਿ ਸਕਦੇ ਹੋ ਜਾਂ ਜੇਲ ਤੇ ਆਉਣ ਵਾਲੇ ਵਕੀਲ ਨੂੰ ਜਾਂ ਜੇਲ ਦੇ ਕਾਨੂੰਨੀ ਸਹਾਇਤਾ ਕਲੀਨਿਕ ਵਿਚ ਪੈਰਾਲੈਗਲ ਵਾਲੰਟੀਅਰ ਨੂੰ ਪੁੱਛ ਸਕਦੇ ਹੋ।

## ਜੇਕਰ ਤੁਸੀਂ ਮੁਕੱਦਮੇ ਅਧੀਨ ਕੈਦੀ ਹੋ ਅਤੇ:

ਜੇਕਰ ਤੁਹਾਡੇ ਤੇ ਛੋਟੇ ਅਪਰਾਧਾਂ ਦਾ ਦੋਸ਼ ਹੈ ਅਤੇ ਜਿੱਥੇ ਵੱਧ ਤੋਂ ਵੱਧ ਸਜ਼ਾ 2 ਸਾਲ ਤੋਂ ਵੱਧ ਨਹੀਂ ਹੈ; ਜਾਂ
(ਛੋਟੇ ਅਪਰਾਧ ਵਿਚ ਮਾਮੂਲੀ ਜੁਰਮ ਸ਼ਾਮਲ ਹੋ ਸਕਦੇ ਹਨ ਜਿੱਥੇ ਥੋੜੇ ਜਿਹੇ ਜੁਰਮਾਨੇ ਜਾਂ ਕੁਝ ਮਹੀਨਿਆਂ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ)

ਜੇਕਰ ਤੁਹਾਡੀ ਉਮਰ 19 ਤੋਂ 21 ਸਾਲ ਦੇ ਵਿਚਕਾਰ ਹੈ ਅਤੇ ਤੁਹਾਡੇ ਤੇ ਉਸ ਅਪਰਾਧ ਦਾ ਦੋਸ਼ ਹੈ ਜਿੱਥੇ ਵੱਧ ਤੋਂ ਵੱਧ ਸਜ਼ਾ
* 7 ਸਾਲਾਂ ਤੋਂ ਘੱਟ ਅਤੇ ਜੁਰਮ ਤਹਿਤ ਵੱਧ ਤੋਂ ਵੱਧ ਸਜ਼ਾ ਦੀ ਘਟੋ ਘੱਟ ¼ ਸਜ਼ਾ ਪੂਰੀ ਕਰ ਲਈ ਹੈ।

ਜੇਕਰ ਤੁਹਾਡੇ ਤੇ ਛੋਟੇ-ਮੋਟੇ ਅਪਰਾਧ ਦਾ ਦੋਸ਼ ਹੈ ਜਿਸ ਵਿਚ ਚੋਰੀ ਕਰਨ ਅਤੇ ਧੋਖਾਧੜੀ ਕਰਨ ਵਰਗੇ ਅਪਰਾਧ ਸ਼ਾਮਲ ਹਨ
(ਆਈ ਪੀ ਸੀ ਦੇ ਸੈਕਸ਼ਨ 379,380,381, 404, 420 ਅਧੀਨ) ਜਾਂ ਅਜਿਹਾ ਅਪਰਾਧ ਜਿਸ ਲਈ ਵੱਧ ਤੋਂ ਵੱਧ ਸਜ਼ਾ 2 ਸਾਲ ਤੱਕ ਹੈ; ਜਾਂ

60 DAYS ਜੇਕਰ ਤੁਸੀਂ 60 ਦਿਨਾਂ ਤੋਂ ਵੱਧ ਸਮੇਂ ਲਈ ਜੇਲ੍ਹ ਵਿਚ ਰਹੇ ਹੋ ਜਦੋਂ ਤੁਹਾਡੇ ਤੇ ਲੱਗੇ ਦੋਸ਼ ਦੇ ਅਪਰਾਧ ਲਈ ਵੱਧ ਤੋਂ ਵੱਧ ਨਿਰਧਾਰਤ ਸਜ਼ਾ 10 ਸਾਲ ਤੋਂ ਘੱਟ ਹੈ ਅਤੇ ਦੋਸ਼ ਪੱਤਰ ਅਜੇ ਤਕ ਦਾਇਰ ਨਹੀਂ ਕੀਤਾ ਗਿਆ ਹੈ; ਜਾਂ

90 DAYS ਜੇਕਰ ਤੁਸੀਂ 90 ਦਿਨਾਂ ਤੋਂ ਵੱਧ ਸਮੇਂ ਲਈ ਜੇਲ੍ਹ ਵਿਚ ਰਹੇ ਹੋ ਜਦੋਂ ਤੁਹਾਡੇ ਤੇ ਲੱਗੇ ਦੋਸ਼ ਦੇ ਅਪਰਾਧ ਲਈ ਵੱਧ ਤੋਂ ਵੱਧ ਨਿਰਧਾਰਤ ਸਜ਼ਾ 10 ਸਾਲ ਜਾਂ ਇਸ ਤੋਂ ਵੱਧ ਹੈ ਅਤੇ ਦੋਸ਼ ਪੱਤਰ ਅਜੇ ਤਕ ਦਾਇਰ ਨਹੀਂ ਕੀਤਾ ਗਿਆ ਹੈ; ਜਾਂ

180 DAYS ਜੇਕਰ ਤੁਸੀਂ 180 ਦਿਨਾਂ ਤੋਂ ਵੱਧ ਸਮੇਂ ਲਈ ਜੇਲ੍ਹ ਵਿਚ ਰਹੇ ਹੋ ਜਦੋਂ ਤੁਹਾਡੇ ਤੇ ਲੱਗੇ ਦੋਸ਼ ਵਪਾਰਕ ਮਾਤਰਾ ਰੱਖਣ ਲਈ ਨਾਰਕੋਟਿਕਸ ਡ੍ਰਗਸ ਐਂਡ ਸਾਈਕੋਟਰੋਪਿਕ ਸਬਸਟਾਂਸ ਐਕਟ, 1985 ਦੇ ਅਧੀਨ ਹੋਣ ਅਤੇ ਦੋਸ਼ ਪੱਤਰ ਅਜੇ ਤਕ ਦਾਇਰ ਨਹੀਂ ਕੀਤਾ ਗਿਆ ਹੈ; ਜਾਂ

ਜੇਕਰ ਤੁਹਾਡੇ ਤੇ ਲੱਗੇ ਦੋਸ਼ ਦੇ ਅਪਰਾਧ ਵਿਚ ਵੱਧ ਤੋਂ ਵੱਧ ਮੋਤ ਦੀ ਸਜ਼ਾ ਨਹੀਂ ਹੋ ਸਕਦੀ ਅਤੇ ਤੁਸੀਂ ਵੱਧ ਤੋਂ ਵੱਧ ਹੋ ਸਕਣ ਵਾਲੀ ਸਜ਼ਾ ਦਾ ਅੱਧਾ ਹਿੱਸਾ ਭੁਗਤ ਚੁੱਕੇ ਹੋ; ਜਾਂ

7 ਜੇਕਰ ਤੁਹਾਡੇ ਤੇ 'ਜ਼ਮਾਨਤੀ ਅਪਰਾਧ'* ਦਾ ਦੋਸ਼ ਹੈ ਅਤੇ 7 ਦਿਨਾਂ ਤੋਂ ਵੱਧ ਸਮੇਂ ਲਈ ਜੇਲ ਵਿਚ ਬੰਦ ਹੋ; ਜਾਂ
(ਜ਼ਮਾਨਤੀ ਜ਼ੁਰਮ ਦੇ ਤਹਿਤ, ਦੋਸ਼ੀ ਨੂੰ ਜ਼ਮਾਨਤ ਜਮ੍ਹਾਂ ਕਰਵਾਉਣ ਤੇ ਜ਼ਮਾਨਤ ਪ੍ਰਾਪਤ ਕਰਨ ਦਾ ਅਧਿਕਾਰ ਹੈ)

ਜੇਕਰ ਤੁਹਾਡੇ ਤੇ 'ਇੱਕ ਮੈਜਿਸਟਰੇਟ ਦੁਆਰਾ ਸੁਣਵਾਈ ਦੇ ਯੋਗ ਗੈਰ-ਜਮਾਨਤੀ ਅਪਰਾਧ*' ਦਾ ਦੋਸ਼ ਹੈ ਅਤੇ ਸਬੂਤ ਦਰਜ ਕਰਨ ਦੀ ਪਹਿਲੀ ਤਾਰੀਖ ਤੋਂ 60 ਦਿਨਾਂ ਦੇ ਅੰਦਰ ਤੁਹਾਡਾ ਮੁਕੱਦਮਾ ਪੂਰਾ ਨਹੀਂ ਹੋਇਆ; ਜਾਂ
(ਆਮ ਤੋਰ ਤੇ ਉਹ ਅਪਰਾਧ ਜਿਸ ਵਿਚ ਵੱਧ ਤੋਂ ਵੱਧ ਸਜਾ 2 ਸਾਲ ਤੋਂ ਘੱਟ ਹੁੰਦੀ ਹੈ, ਮੈਜਿਸਟ੍ਰੇਟ ਦੁਆਰਾ ਸੁਣਵਾਈ ਦੇ ਯੋਗ ਹੁੰਦੇ ਹਨ)

ਜੇਕਰ ਤੁਹਾਡੇ ਕੇਸ ਨੂੰ ਕਨੂੰਨ ਦੇ ਤਹਿਤ ਕੰਪਾਂਉਂਡ ਕੀਤਾ ਜਾ ਸਕਦਾ ਹੈ; ਜਾਂ
(ਕੰਪਾਂਉਂਡੇਬਲ ਅਪਰਾਧ ਆਮ ਤੋਰ ਤੇ ਗੈਰ-ਗੰਭੀਰ ਜੁਰਮ ਹੁੰਦੇ ਹਨ ਜਿਸ ਵਿੱਚ 2 ਸਾਲ ਤੋਂ ਘੱਟ ਦੀ ਸਜਾ ਹੁੰਦੀ ਹੈ ਸੀ ਆਰ ਪੀ ਸੀ ਦਾ ਸੈਕਸ਼ਨ 320 ਉਨ੍ਹਾਂ ਜੁਰਮਾਂ ਦੀ ਸੂਚੀ ਪ੍ਰਦਾਨ ਕਰਦਾ ਹੈ ਜਿਹਨਾਂ ਨੂੰ ਕੰਪਾਂਉਂਡ ਕੀਤਾ ਜਾ ਸਕਦਾ ਹੈ)

ਜੇਕਰ ਤੁਸੀਂ ਬਿਮਾਰ ਅਤੇ ਕਮਜ਼ੋਰ ਹੋ ਅਤੇ ਤੁਹਾਨੂੰ ਵਿਸ਼ੇਸ਼ ਡਾਕਟਰੀ ਇਲਾਜ ਦੀ ਜ਼ਰੂਰਤ ਹੈ; ਜਾਂ

ਜੇਕਰ ਤੁਸੀਂ ਦਿਮਾਗੀ ਤੋਰ ਤੇ ਜਾਂ ਮਾਨਸਿਕ ਤੋਰ ਤੇ ਬਿਮਾਰ ਹੋ; ਜਾਂ

ਜੇਕਰ ਤੁਹਾਨੂੰ ਅਦਾਲਤ ਦੁਆਰਾ ਜ਼ਮਾਨਤ ਮਿਲ ਗਈ ਹੈ ਪਰ ਤੁਸੀਂ ਜ਼ਮਾਨਤ ਦੇਣ ਤੋਂ ਅਸਮਰੱਥ ਹੋ; ਜਾਂ

ਜੇਕਰ ਤੁਸੀਂ ਸੀ ਆਰ ਪੀ ਸੀ ਦੇ ਸੈਕਸ਼ਨ 107, 108, 109 ਜਾਂ 151 ਅਧੀਨ ਬੰਦ ਹੋ; ਜਾਂ

ਜੇ ਤੁਸੀਂ ਇਕ ਔਰਤ ਹੋ।

ਸੀ ਆਰ ਪੀ ਸੀ ਦੇ ਪਹਿਲੇ ਸ਼ਡਿਊਲ ਵਿਚ 'ਜੁਰਮਾਂ ਦੇ ਵਰਗੀਕਰਣ' ਸਿਰਲੇਖ ਅਧੀਨ ਅਪਰਾਧਿਕ ਪ੍ਰਣਾਲੀ ਵਿਚ 'ਜ਼ਮਾਨਤੀ ਅਪਰਾਧ', 'ਵੱਧ ਤੋਂ ਵੱਧ ਸਜ਼ਾ', 'ਮੈਜਿਸਟਰੇਟ ਦੁਆਰਾ ਸਮਰੱਥ ਕੇਸਾਂ ਦੀ ਸੁਣਵਾਈ' ਆਦਿ ਬਾਰੇ ਜਾਣਕਾਰੀ ਦਿੱਤੀ ਗਈ ਹੈ। ਤੁਸੀਂ ਪੈਰਾ ਲੀਗਲ ਵਲੰਟੀਅਰ ਜਾਂ ਜੇਲ ਦਾ ਦੌਰਾ ਕਰਨ ਵਾਲੇ ਵਕੀਲ ਤੋਂ ਇਹ ਸਮਝਣ ਵਿਚ ਸਹਾਇਤਾ ਲੈ ਸਕਦੇ ਹੋ ਕਿ ਤੁਹਾਡੇ ਤੇ ਜਿਸ ਅਪਰਾਧ ਦਾ ਦੋਸ਼ ਲਗਾਇਆ ਗਿਆ ਹੈ, ਉਹ ਅੰਡਰ ਟਰਾਇਲ ਸਮੀਖਿਆ ਕਮੇਟੀ ਦੁਆਰਾ ਸਮੀਖਿਆ ਲਈ ਯੋਗ ਹੈ ਜਾਂ ਨਹੀਂ।

**ਤੁਹਾਡਾ ਕੇਸ ਤੁਹਾਡੇ ਜ਼ਿਲ੍ਹੇ ਦੀ ਅੰਡਰ ਟਰਾਇਲ ਸਮੀਖਿਆ ਕਮੇਟੀ ਦੁਆਰਾ ਸਮੀਖਿਆ ਲਈ ਯੋਗ ਹੋਵੇਗਾ।**

CHRI
Commonwealth Human Rights Initiative
working for the *practical* realisation of human rights in the Commonwealth

**Commonwealth Human Rights Initiative**
3rd Floor, 55A, Siddhartha Chambers, Kalu Sarai, New Delhi - 110 016
Tel: + 91-11-43180200, +91-11-43180221 (Direct) Fax: +91-11-43180217
Email: info@humanrightsintiative.org. Website: www.humanrightsinitiative.org